# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
## ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ।

ਵੱਲ

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਜ਼ਿਲਾ ਸਿੱਖਿਆ ਅਫਸਰ (ਐ.ਸਿ)

**ਮੀਮੋ ਨੰ: ਸਸਅ/ਟੀ.ਟੀ/2011-12/074452**
**ਮਿਤੀ,2/6/2011 ਚੰਡੀਗੜ੍ਹ**

**ਵਿਸ਼ਾ:- ਸਮੂਹ ਜਿਲ੍ਹਿਆਂ ਦੇ ਜਿ.ਸਿ. ਅਫ਼ਸਰ (ਸੈ.ਸਿ), ਜਿ.ਸਿ. ਅਫ਼ਸਰ (ਐ.ਸਿ.) ਅਤੇ ਹੋਰ ਸਟਾਫ਼ ਨੂੰ ਆਈ. ਟੀ ਅਕੈਡਮੀਜ਼ ਵਿਖੇ ਕੰਪਿਉਟਰ ਟ੍ਰੇਨਿੰਗ ਕਰਵਾਉਣ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।
2. ਮੁੱਖ ਦਫਤਰ ਵਲੋ ਆਈ. ਟੀ ਅਕੈਡਮੀਜ਼ ,ਐਸ. ਏ. ਐਸ. ਨਗਰ ਅਤੇ ਨੌਰਾ, ਐਸ. ਬੀ. ਐਸ. ਨਗਰ) ਵਿਖੇ ਹਰ ਜਿ.ਸਿ. ਦਫ਼ਤਰ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਕੰਪਿਉਟਰ ਟ੍ਰੇਨਿੰਗ ਕਰਵਾਈ ਜਾਣੀ ਹੈ ।
3. ਇਸ ਟ੍ਰੇਨਿਗ ਵਿੱਚ ਹਰ ਜਿ.ਸਿ. ਦਫ਼ਤਰ ਦੇ ਕੁੱਲ ਪੰਜ ਅਧਿਕਾਰੀ/ਕਰਮਚਾਰੀ ਭਾਗ ਲੈਣਗੇ ,ਜਿਸ ਵਿੱਚ ਜਿ.ਸਿ. ਅਫ਼ਸਰ (ਸੈ.ਸਿ.), ਡਿਪਟੀ ਜਿ.ਸਿ. ਅਫ਼ਸਰ (ਸੈ.ਸਿ.), ਜਿ.ਸਿ. ਅਫ਼ਸਰ (ਐ.ਸਿ.) ਅਤੇ ਦੋ ਹੋਰ ਕੋਈ ਵੀ ਅਧਿਕਾਰੀ/ਕਰਮਚਾਰੀ (ਜਿਹਨਾਂ ਨੂੰ ਜਿ.ਸਿ. ਅਫ਼ਸਰ (ਸੈ.ਸਿ) ਅਤੇ ਜਿ.ਸਿ. ਅਫ਼ਸਰ (ਐ.ਸਿ) ਆਪਣੀ ਸੁਵਿਧਾ ਅਨੁਸਾਰ ਟ੍ਰੇਨਿੰਗ ਕਰਵਾਉਣ ਦੇ ਇੱਛੁਕ ਹੋਣ) ਸ਼ਾਮਿਲ ਹਨ ।
4. ਇਹ ਟ੍ਰੇਨਿੰਗ ਦੋਹਾਂ ਅਕੈਡਮੀਜ਼ ਵਿਖੇ ਜਿਲਾਵਾਰ ਹੇਠ ਲਿਖੇ ਸ਼ਡਿਊਲ ਅਨੁਸਾਰ ਦੋ ਬੈਚਾਂ **(3 + 2)** ਵਿੱਚ ਕਰਵਾਈ ਜਾਵੇਗੀ।

| **ਲੜੀ ਨੰ.** | **ਬੈਚ** | **ਮਿਤੀ** | **ਆਈ.ਟੀ.ਅਕੈਡਮੀ ਐਸ.ਏ.ਐਸ. ਨਗਰ** | **ਆਈ.ਟੀ.ਅਕੈਡਮੀ ਐਸ.ਬੀ.ਐਸ. ਨਗਰ** |
|---|---|---|---|---|
| | | | **ਜ਼ਿਲੇ** | **ਜ਼ਿਲੇ** |
| **1** | ਪਹਿਲਾ | 06 ਜੂਨ 2011 ਤੋਂ 10 ਜੂਨ 2011 ਤੱਕ | ਬਰਨਾਲਾ, ਬਠਿੰਡਾ, ਫ਼ਰੀਦਕੋਟ, ਫ਼ਤਿਹਗੜ੍ਹ ਸਾਹਿਬ, ਸ਼੍ਰੀਮੁਕਤਸਰ ਸਾਹਿਬ, ਮੋਗਾ, ਮਾਨਸਾ, ਪਟਿਆਲਾ, ਐਸ.ਏ.ਐਸ. ਨਗਰ, ਸੰਗਰੂਰ | ਅਮ੍ਰਿਤਸਰ,ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ,ਕਪੂਰਥਲਾ, ਲੁਧਿਆਣਾ,ਰੂਪਨਗਰ, ਸ.ਭ.ਸ ਨਗਰ, ਤਰਨ ਤਾਰਨ |
| **2** | ਦੂਜਾ | 20 ਜੂਨ 2011 ਤੋਂ 24 ਜੂਨ 2011 ਤੱਕ | ਉਹੀ | ਉਹੀ |

5. ਟ੍ਰੇਨਿੰਗ ਦਾ ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਹੋਵੇਗਾ।
6. ਉਪਰੋਕਤ ਬੈਚਾਂ ਵਿੱਚ ਅਧਿਕਾਰੀ/ ਕਰਮਚਾਰੀ ਵਲ੍ਹੋਂ ਟ੍ਰੇਨਿੰਗ ਲੈਣ ਹਿੱਤ ਪਲਾਨ ,ਜ਼ਿ.ਸਿ. ਦਫ਼ਤਰ ਦੀ ਸੁਵਿਧਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਜ਼ਿ.ਸ.ਅਫਸਰ (ਸੈ.ਸਿ) ਵੱਲੋਂ ਆਪਣੇ ਪੱਧਰ ਤੇ ਤਿਆਰ ਕੀਤਾ ਜਾਵੇਗਾ । ਪਰ ਧਿਆਨ ਰਹੇ ਕਿ ਇੱਕ ਜਿਲੇ ਦੇ ਕੇਵਲ ਕੁੱਲ ਪੰਜ (3+2) ਅਧਿਆਪਕਿਆਂ/ਕਰਮਚਾਰੀਆਂ ਵਲੋਂ ਹੀ ਇਹ ਟ੍ਰੈਨਿੰਗ ਲਈ ਜਾਣੀ ਹੈ ।
7. ਟ੍ਰੇਨਿੰਗ ਦੌਰਾਣ ਭੋਜਣ ਅਤੇ ਠਹਿਰ ਦਾ ਇੰਤਜਾਮ ਟ੍ਰੇਨਿੰਗ ਲੈਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਆਪਣੇ ਪੱਧਰ ਤੇ ਕੀਤਾ ਜਾਣਾ ਹੈ ।
8. ਟ੍ਰੇਨਿੰਗ ਲੈਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਬਣਦਾ TA/DA ਵਾਪਸ ਪੁੱਜਣ ਤੇ ਜਿਲ੍ਹਿਆਂ ਵਲੋ ਨਿਯਮਾ ਅਨੁਸਾਰ ਮੈਨਜਮੇਂਟ ਕੌਸਟ ਵਿਚੋ ਅਦਾ ਕੀਤਾ ਜਾਵੇਗਾ ।ਧਿਆਨ ਹਿੱਤ ਰਹੇ ਕਿ ਅਧਿਕਾਰੀ/ਕਰਮਚਾਰੀ ਨੂੰ ਸਿਰਫ਼ ਇਕ ਵਾਰ ਆਉਣ ਅਤੇ ਜਾਣ ਦਾ ਬਣਦਾ TA ਅਦਾ ਕੀਤਾ ਜਾਵੇ
9. ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਉਪਰੋਕਤ ਟ੍ਰੇਨਿੰਗ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ:- **ਸਸਅ/ਟੀ.ਟੀ/2011-12/074453 ਮਿਤੀ :2/6/2011**

ਉਪਰੋਕਤ ਵਿਸ਼ੇ ਦਾ ਉਤਾਰਾ ਸੂਚਨਾ ਹਿੱਤ ਭੇਜਿਆ ਜਾਦਾਂ ਹੈ।

1. **ਮੈਨੇਜਰ ਆਈ.ਟੀ ਐਕਡਮੀ, ਐਸ.ਏ.ਐਸ ਨਗਰ।**
2. **ਡੀ.ਐਮ (M.I.S) ਨੂੰ ਵੈਬਸਾਈਟ ਤੇ ਪਾਉਣ ਹਿੱਤ।**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**